# ਅਨੰਤ ਸਤਗੁਰੂ

## ਸ਼ਿਸ਼ਯ ਥੱਾਮਸਨ

ਪ੍ਰਭੂ ਯਿਸੂ ਮਸੀਹ ਇਸ ਸੰਸਾਰ ਵਿੱਚ ਆਏ, ਉਹ ਸਿਰਜਨਹਾਰ ਸਨ, ਪਰੰਤੂ ਸੰਸਾਰ ਨੇ ਉਨਾਂ ਨੂੰ ਪਛਾਣਿਆ ਨਹੀਂ, ਪ੍ਰਭੂ ਯਿਸੂ ਚਾਣਨ ਸੀ ਪਰ ਹਨੇਰੇ ਨੇ ਉਹ ਨੂੰ ਕਬੂਲ ਨਾ ਕੀਤਾ, ਉਹ ਆਪਣੇ ਘਰ ਆਇਆ ਪਰ ਉਹ ਦੇ ਆਪਣਿਆਂ ਨੇ ਉਹ ਨੂੰ ਕਬੂਲ ਨਾ ਕੀਤਾ। (ਯੂਹੰਨਾ 1:5, 10,11)

ਪ੍ਰਭੂ ਯਿਸੂ ਅੱਜ ਜੀਉਂਦਾ ਹੈ, ਉਹ ਕਬਰ ਵਿੱਚ ਨਹੀਂ ਹੈ। ਉਹ ਕੋਈ ਬੇਜਾਨ ਵਸਤੂ, ਤਸਵੀਰ ਜਾਂ ਸਿਰਫ ਸ਼ਕਤੀ ਨਹੀਂ ਹੈ। ਉਹ ਸਿਰਜਨਹਾਰ ਹੈ, ਜਿਸ ਨੇ ਪਰਮੇਸ਼ਵਰ ਦੇ ਸਰੂਪ ਵਿੱਚ ਸਾਨੂੰ ਸਾਰਿਆਂ ਨੂੰ ਸਿਰਜਿਆ।

### ਮਨੁੱਖ ਦੀ ਅਸਲ ਸਮਸਿਆ

ਮਨੁੱਖ ਦੀ ਸਮਸਿਆ ਪਾਣੀ ਦੀ ਘਾਟ, ਗਰੀਬੀ, ਮਾੜੀ ਸਰਕਾਰ ਜਾਂ ਬੇਰੋਜ਼ਗਾਰੀ ਜਾਂ ਫੇਰ ਸਰੀਰਕ ਰੋਗ, ਟੀ. ਬੀ, ਕੈਂਸਰ ਜਾਂ ਏਡਸ ਨਹੀਂ ਹੈ। ਅਸਲ ਸਮਸਿਆ ਇੱਕ ਅਣਡਿੱਠੀ ਆਤਮਿਕ ਹਾਲਾਤ ਹੈ। ਜਿਥੇ ਸਰੀਰ, ਜਾਨ ਅਤੇ ਆਤਮਾ ਵਿੱਚ ਜ਼ਹਿਰ ਫੈਲਿਆ ਹੋਇਆ ਹੈ, ਜਿਸ ਨੂੰ ਪਾਪ ਆਖਦੇ ਹਨ। ਪਾਪ ਜੀਉਂਦੇ ਅਤੇ ਸੱਚੇ ਪਰਮਾਤਮਾ ਦਾ ਵਿਰੋਧ ਹੈ, ਉਸ ਦੀ ਸਚਿਆਈ ਤੋਂ ਇਨਕਾਰ ਕਰਨਾ ਹੈ ਅਤੇ ਉਸ ਦੀ ਮਰਜ਼ੀ ਅਤੇ ਨੇਮ ਨੂੰ ਨਾ ਮੰਨਣਾ ਹੈ। ਇਸ ਦੇ ਵਜੋਂ ਪਰਮਾਤਮਾ ਤੋਂ ਵੱਖ ਹੋਣਾ ਪੈਂਦਾ ਹੈ ਅਤੇ ਸੰਬੰਧ ਟੁੱਟ ਜਾਂਦਾ ਹੈ।

ਪਾਪ, ਪਰਮੇਸ਼ਵਰ ਦੀ ਮਰਜ਼ੀ ਅਤੇ ਗੁਣਾਂ ਦੇ ਉਲਟ ਜੀਵਨ ਹੈ ਅਤੇ ਇਹ ਮਨੁੱਖ ਦੀ ਸਰੀਰਕ ਅਤੇ ਆਤਮਿਕ ਮੌਤ ਨੂੰ ਜਨਮ ਦਿੰਦਾ ਹੈ।

ਚਾਰੇ ਪਾਸੇ ਨਿਗਾਹ ਮਾਰ ਕੇ ਵੇਖੋ, ਚੋਰੀ, ਡਾਕਾ, ਹਿੰਸਾ ਅਤੇ ਹਤਿਆ, ਬਲਾਤਕਾਰ, ਧੋਖਾ, ਭ੍ਰਸ਼ਟਾਚਾਰ, ਅਨਿਆਂ ਅਤੇ ਅਧਰਮ ਫੈਲਿਆ ਹੋਇਆ ਹੈ। ਬਾਹਰ ਛਡੋ, ਆਪਣੇ ਅੰਦਰ ਝਾਤੀ ਮਾਰ ਕੇ ਵੇਖੋ ਈਰਖਾ, ਕ੍ਰੋਧ, ਵੈਰ, ਝਗੜਾ, ਵਿਰੋਧ, ਲਾਲਚ, ਵਾਸਨਾ, ਘਮੰਡ ਅਤੇ ਝੂਠ ਸਭ ਕੁਝ ਭਰਿਆ ਹੋਇਆ ਹੈ।

ਆਪਣੀ ਜ਼ਿੰਦਗੀ ਦੇ ਮੰਤਵਾਂ ਨੂੰ ਟਟੋਲ ਕੇ ਵੇਖੋ ਤਾਂ ਪਤਾ ਚਲ ਜਾਵੇਗਾ ਕਿ ਹਰ ਕੰਮ ਦੇ ਪਿੱਛੇ ਸੁਆਰਥ ਹੈ। ਦਾਨ ਦਿੰਦੇ ਹਾਂ, ਪਰ ਨਾਲ ਹੀ ਨਾਮ ਕਮਾਉਣਾ ਚਾਹੁੰਦੇ ਹਾਂ। ਗਰੀਬਾਂ ਦੀ ਮਦਦ ਕਰਨਾ ਚਾਹੁੰਦੇ ਹਾਂ, ਤੇ ਅਖਬਾਰਾਂ ਵਿੱਚ ਨਾਮ ਛਪਵਾਉਣਾ ਵੀ ਚਾਹੁੰਦੇ ਹਾਂ। ਗੁਆਂਢੀ ਨੂੰ ਸ਼ਾਇਦ ਹਸਪਤਾਲ ਤਾਂ ਲੈ ਜਾਂਦੇ ਹਾਂ, ਪਰ ਉਸ ਦੇ ਬਦਲੇ ਕੁਝ ਆਸ ਵੀ ਰਖੱਦੇ ਹਾਂ।

### ਕੌਣ ਭਟਕ ਗਿਆ ਹੈ ?

ਪਰਮਾਤਮਾ ਜਾਂ ਅਸੀਂ, ਜਿਵੇਂ ਇੱਕ ਬੱਚਾ ਮੇਲੇ ਵਿੱਚ ਗੁਆਚ ਜਾਂਦਾ ਹੈ, ਪਰ ਸੋਚਦਾ ਹੈ ਕਿ ਮਾਂ-ਪਿਓ ਗੁਮ ਗਏ ਹਨ। ਪਰ ਸਚਿਆਈ ਤਾਂ ਇਹ ਹੈ ਕਿ ਮਾਂ-ਪਿਓ ਨਹੀਂ ਬੱਚਾ ਗੁਆਚ ਗਿਆ ਹੈ। ਇਸੇ ਤਰ੍ਹਾਂ ਪਰਮਾਤਮਾ ਨਹੀਂ ਮਨੁੱਖ ਗੁਆਚਿਆ ਹੋਇਆ ਹੈ।

ਦੋਂ ਤੱਕ ਸਾਡੇ ਉਤੇ ਇਹ ਸਚਿਆਈ ਪ੍ਰਗਟ ਨਹੀਂ ਹੁੰਦੀ ਅਸੀਂ ਆਪਣੇ ਯਤਨਾਂ ਨਾਲ ਹੀ ਪਰਮਾਤਮਾ ਤੱਕ ਪਹੁੰਚਣ ਦੀ ਕੋਸ਼ਿਸ ਕਰਦੇ ਰਹਾਂਗੇ, ਸਿਰਜਣਹਾਰ ਪਰਮੇਸ਼ਵਰ ਨੂੰ ਅਸੀਂ ਸ਼੍ਰਿਸ਼ਟੀ ਦੀਆਂ ਬੇਜਾਨ ਵਸਤੂਆਂ ਵਿੱਚ ਹੀ ਭਾਲਦੇ ਰਹਾਂਗੇ।

### ਸੰਸਾਰਕ ਗੁਰੂ

ਅੱਜ ਸੰਸਾਰ ਵਿੱਚ ਬਹੁਤ ਸਾਰੇ ਸਿਖਿਅਕ ਹਨ। ਬਹੁਤ ਸਾਰੇ ਗੁਰੂ ਹਨ, ਹਰ ਥਾਂ ਧਰਮ ਪ੍ਰਚਾਰ ਅਤੇ ਸਭਾਵਾਂ ਹਨ। ਕਿਤਾਬਾਂ ਹਨ, ਰੇਡੀਓ ਅਤੇ ਟੀ.ਵੀ. ਉਤੇ ਪ੍ਰਚਾਰ ਹੈ। ਗਿਆਨ ਹਰ ਥਾਂ ਹੈ, ਪਰ ਜ਼ਿੰਦਗੀ ਨਹੀਂ ਹੈ, ਬੋਲਿਆ ਕੁਝ ਜਾਂਦਾ ਹੈ ਅਤੇ ਕੀਤਾ ਕੁਝ ਜਾਂਦਾ ਹੈ। ਖੁਦਾਈ ਜ਼ਿੰਦਗੀ ਨਹੀਂ ਹੈ। ਪ੍ਰਭੂ ਯਿਸੂ ਮਸੀਹ ਨੇ ਸਮਕਾਲੀਨ ਧਰਮ ਗੁਰੂਆਂ ਦੇ ਵਿਸ਼ੇ ਵਿੱਚ ਆਖਿਆ ਕਿ ਇੰਨਾਂ ਦੇ ਪਿੱਛੇ ਤੁਰਨ ਨਾਲ, ਨਾ ਤਾਂ ਛੁਟਕਾਰਾ, ਨਾ ਸਵਰਗ ਅਤੇ ਨਾ ਹੀ ਰੱਬ ਮਿਲਦਾ ਹੈ ਪਰ ਹਾਂ ਅੰਤ, ਨਰਕ ਦੀ ਅੱਗ ਵਿੱਚ ਜ਼ਰੂਰ ਹੁੰਦਾ ਹੈ। ਨਾਸ਼ਵਾਨ ਮਨੁੱਖ ਜਦੋਂ ਆਪ ਹੀ ਆਪਣੇ ਆਪ ਨੂੰ ਗੁਰੂ ਘੋਸ਼ਿਤ ਕਰਦਾ ਹੈ, ਤਾਂ ਉਹ ਆਪਣਾ ਗਿਆਨ ਲੋਕਾਂ ਨੂੰ ਦਸਕੇ ਭਟਕਾਉਂਦਾ ਰਹਿੰਦਾ ਹੈ। ਆਪਣੇ ਲਈ ਸ਼ਗਿਰਦਾਂ ਅਤੇ ਚੇਲਿਆਂ ਨੂੰ ਇੱਕਠਾ ਕਰਦਾ ਹੈ। ਆਪ ਸਿੰਘਾਸਨ ਉਤੇ ਬੈਠਦਾ ਹੈ, ਵੱਡੇ-ਵੱਡੇ ਧਾਰਮਿਕ ਸਥਾਨ ਬਣਾਉਂਦਾ ਹੈ। ਸੋਨਾ ਚਾਂਦੀ ਇੱਕਠਾ ਕਰਦਾ ਹੈ, ਆਪਣੇ ਮੰਣਨ ਵਾਲਿਆਂ ਤੋਂ ਦਾਨ ਇੱਕਠਾ ਕਰਦਾ ਹੈ, ਅਤੇ ਆਪਣੀ ਸੇਵਾ ਕਰਵਾਉਂਦਾ ਹੈ।

### ਅਨੰਤ ਗੁਰੂ

ਪ੍ਰਭੂ ਯਿਸੂ ਮਸੀਹ ਨੇ ਆਖਿਆ, ਜੇ ਕੋਈ ਪ੍ਰਧਾਨ ਬਣਨਾ ਚਾਹੁੰਦਾ ਹੈ ਤਾਂ ਉਹ ਸਭਨਾਂ ਦਾ ਸੇਵਕ ਬਣੇ, ਜਿਹੜਾ ਵੱਡਾ ਬਣਨਾ ਚਾਹੁੰਦਾ ਹੈ ਉਹ ਸਭਨਾਂ ਦਾ ਦਾਸ ਬਣੇ। ਅਨੰਤ ਸਤਗੁਰੂ ਪ੍ਰਭੂ ਯਿਸੂ ਮਸੀਹ ਖੜੇ ਹੋਏ, ਉਨਾਂ ਨੇ ਨੌਕਰ ਦੇ ਕਪੜੇ ਧਾਰਨ ਕੀਤੇ ਅਤੇ ਪਾਣੀ ਲੈ ਕੇ ਚੇਲਿਆਂ ਦੇ ਪੈਰੀਂ ਬੈਠੇ ਤੇ ਆਪਣੇ ਚੇਲਿਆਂ ਦੇ ਪੈਰ ਧੋਤੇ। ਉਨਾਂ ਆਖਿਆ, ਜਾਓ ਅਤੇ ਰੱਬੀ ਜ਼ਿੰਦਗੀ ਦਾ ਪ੍ਰਗਟਾਵਾ ਕਰੋ ਜਿਵੇਂ ਮੈਂ ਕੀਤਾ ਹੈ, ਤੁਸੀਂ ਵੀ ਉਵੇਂ ਹੀ ਕਰੋ।

ਪ੍ਰਭੂ ਯਿਸੂ ਸਵਰਗ ਤੋਂ ਆਏ ਅਤੇ ਉਥੋਂ ਦੀਆਂ ਗੱਲਾਂ ਸਾਨੂੰ ਦੱਸੀਆਂ ਇਸ ਲਈ ਸਾਨੂੰ ਉਸ ਦੀਆਂ ਗੱਲਾਂ ਉਤੇ ਵਿਸ਼ਵਾਸ ਕਰਨਾ ਪਵੇਗਾ।

ਪ੍ਰਭੂ ਯਿਸੂ ਮਸੀਹ ਮੁਕਤੀਦਾਤਾ ਪਰਮੇਸ਼ਵਰ ਦਾ ਅਵਤਾਰ ਇਸ ਧਰਤੀ ਉਤੇ ਮਨੁੱਖੀ ਰੂਪ ਧਾਰਨ ਕਰਕੇ ਆਉਂਦਾ ਹੈ, ਉਥੇ ਆ ਕੇ ਉਹ ਆਖਦਾ ਹੈ ਕਿ ਸਵਰਗ ਵਿੱਚ ਕੋਈ ਖਤਰਨਾਕ ਪਰਮੇਸ਼ਵਰ ਨਹੀਂ ਹੈ, ਕੋਈ ਖੂਨੀ ਪਰਮਾਤਮਾ, ਤਲਵਾਰ ਭਾਲਾ ਜਾਂ ਕੋਈ ਹਥਿਆਰ ਲੈ ਕੇ ਨਹੀਂ ਬੈਠਿਆ ਹੈ ਪਰੰਤੂ ਸਵਰਗ ਦਾ ਪਰਮੇਸ਼ਵਰ ਸਾਡਾ ਪਵਿੱਤਰ ਪ੍ਰੇਮੀ ਪਿਤਾ ਹੈ, ਜਿਹੜਾ ਹਰੇਕ ਮਨੁੱਖ ਨਾਲ ਉਸੇ ਤਰ੍ਹਾਂ ਪਿਆਰ ਕਰਦਾ ਹੈ ਜਿਵੇਂ ਕਿ ਇੱਕ ਪਿਤਾ ਆਪਣੇ ਬਿਮਾਰ ਮਰਣਹਾਰ ਪੁੱਤਰ ਨਾਲ ਪਿਆਰ ਕਰਦਾ ਹੈ ਅਤੇ ਇਸ ਦੇ ਨਾਲ ਹੀ ਉਸ ਦੀ ਬਿਮਾਰੀ ਤੋਂ ਨਫਰਤ ਕਰਦਾ ਹੈ, ਇਸੇ ਤਰ੍ਹਾਂ ਪਰਮਾਤਮਾ ਸਾਡੇ ਨਾਲ ਤਾਂ ਪਿਆਰ ਕਰਦਾ ਹੈ, ਪਰ ਸਾਡੀ ਪਾਪੀ ਹਾਲਤ ਤੋਂ ਨਫਰਤ ਕਰਦਾ ਹੈ, ਉਹ ਸਾਨੂੰ ਬਚਾਉਣਾ ਚਾਹੁੰਦਾ ਹੈ, ਸਾਡੀ ਮੌਤ ਅਤੇ ਬਿਮਾਰੀ ਦਾ ਇਲਾਜ ਕਰਨਾ ਚਾਹੁੰਦਾ ਹੈ। ਇਸੇ ਕਾਰਨ ਬਾਈਬਲ ਆਖਦੀ ਹੈ, ਪਰਮੇਸ਼ਵਰ ਪ੍ਰੇਮ ਹੈ।

ਪ੍ਰਭੂ ਯਿਸੂ ਮਸੀਹ ਦੀ ਸਲੀਬੀ ਮੌਤ

ਜਦੋਂ ਪ੍ਰਭੂ ਯਿਸੂ ਨੇ ਸਲੀਬ ਉਤੇ, ਮਨੁੱਖੀ ਪਾਪ ਦੀ ਮੁਕਤੀ ਲਈ ਮੌਤ ਦਾ ਮੁੱਲ ਚੁਕਾਇਆ ਤਾਂ ਉਨ੍ਹਾਂ ਦੇ ਨਾਲ ਇੱਕ ਪਾਸੇ ਇੱਕ ਹਤਿਆਰਾ ਡਾਕੂ ਵੀ ਸਲੀਬ ਉਤੇ ਮਰ ਰਿਹਾ ਸੀ। ਉਹ ਨੇ ਪ੍ਰਭੂ ਯਿਸੂ ਅੱਗੇ

ਆਪਣੇ ਮਾੜੇ ਕੰਮਾਂ ਅਤੇ ਪਾਪਾਂ ਨੂੰ ਕਬੂਲ ਕੀਤਾ ਅਤੇ ਬੇਨਤੀ ਕੀਤੀ ਰੱਬੀ ਲੋਕ ਵਿੱਚ ਉਸ ਦੀ ਸੁੱਧੀ ਲਈ ਜਾਵੇ । ਪ੍ਰਭੂ ਯਿਸੂ ਨੇ ਡਾਕੂ ਨੂੰ ਆਖਿਆ ਕਿ ਤੂੰ ਅੱਜ ਹੀ ਮੇਰੇ ਨਾਲ ਸਵਰਗ ਲੋਕ ਵਿੱਚ ਜਾਵੇਂਗਾ । ਡਾਕੂ ਨੂੰ ਛੁਟਕਾਰਾ ਮਿਲ ਗਿਆ ।

ਪਾਪ, ਕਰਨ ਤੋਂ ਹੀ ਨਹੀਂ, ਪਰ ਕਰਮ ਦੇ ਪਿੱਛੇ ਵਿਚਾਰਾਂ ਅਤੇ ਉਦੇਸ਼ਾਂ ਦੇ ਰੂਪ ਵਿੱਚ ਲੁੱਕਿਆ ਰਹਿੰਦਾ ਹੈ । ਜਿਵੇਂ ਕਿ ਪ੍ਰਭੂ ਯਿਸੂ ਮਸੀਹ, ਹਤਿਆ ਨੂੰ ਪਾਪ ਦਾ ਫਲ ਆਖਦੇ ਹਨ ਅਤੇ ਹਿਰਦੇ ਵਿੱਚ ਭਰੇ ਕ੍ਰੋਧ ਨੂੰ ਵੀ ਹਤਿਆ ਆਖਦੇ ਹਨ, ਪਰਮਾਤਮਾ ਦੀ ਨਜ਼ਰ ਵਿੱਚ ਕ੍ਰੋਧ ਅਤੇ ਹਤਿਆ ਇਕੋ ਜਿਹੇ ਪਾਪ ਹਨ ।

ਪ੍ਰਭੂ ਯਿਸੂ ਮਸੀਹ ਵਿੱਚ ਹਰੇਕ ਪਾਪੀ ਦੇ ਲਈ ਆਸ ਹੈ । ਚਾਹੇ ਉਹ ਸ਼ਰਾਬੀ ਹੋਵੇ ਜਾਂ ਵਿਭਚਾਰੀ, ਚੋਰ ਹੋਵੇ ਜਾਂ ਕੋਈ ਡਾਕੂ, ਹਤਿਆਰਾ ਜਾ ਝੂਠਾ ਪਖੰਡੀ ਧਰਮ ਗੁਰੂ, ਸਭਨਾਂ ਦੀ ਮੁਕਤੀ ਦਾ ਉਪਾਅ ਹੈ । ਇਸੇ ਲਈ ਪ੍ਰਭੂ ਯਿਸੂ ਦੀ ਖੁਸ਼ਖਬਰੀ ਦਾ ਪ੍ਰਚਾਰ ਕੀਤਾ ਜਾਂਦਾ ਹੈ ।

"ਕਿਉਂਕਿ ਪਰਮੇਸ਼ਵਰ ਨੇ ਜਗਤ ਨੂੰ ਅਜਿਹਾ ਪਿਆਰ ਕੀਤਾ ਜੋ ਉਹ ਨੇ ਆਪਣਾ ਇਕਲੌਤਾ ਪੁੱਤਰ ਬਖ਼ਸ਼ ਦਿੱਤਾ ਤਾਂ ਜੋ ਹਰੇਕ ਜੋ ਉਸ ਉਤੇ ਨਿਹਚਾ ਕਰੇ ਨਾਸ ਨਾ ਹੋਵੇ ਪਰ ਸਦੀਪਕ ਜੀਉਣ ਪਾਵੇ । (ਯੂਹੰਨਾ 3:16)

## ਇੱਕ ਘਟਨਾ

ਰੂਸ ਦਾ ਇੱਕ ਬਾਦਸ਼ਾਹ ਸੀ, ਜਿਹ ਦਾ ਨਾਮ ਜ਼ਾਰ ਨਿਕੋਲਸ ਸੀ । ਉਹ ਰਾਤ ਨੂੰ ਭੇਸ਼ ਬਦਲ ਕੇ ਆਪਣੇ ਸੈਨਿਕਾਂ ਦੀ ਚੋਕੀਆਂ ਵਿੱਚ ਜਾ ਕੇ ਵੇਖਦਾ ਸੀ ਕਿ ਉਹ ਕੀ ਕਰਦੇ ਹਨ, ਤੇ ਕੀ ਹੋ ਰਿਹਾ ਹੈ । ਇੱਕ ਦਿਨ ਉਹ ਨੇ ਇੱਕ ਸੈਨਿਕ ਨੂੰ ਮੇਜ਼ ਉਤੇ ਸਿਰ ਰੱਖੇ ਸੁੱਤੇ ਹੋਏ ਵੇਖਿਆ । ਉਹ ਦੇ ਸਾਹਮਣੇ ਮੇਜ਼ ਉਤੇ ਇੱਕ ਕਾਗਜ਼ ਰੱਖਿਆ ਹੋਇਆ ਸੀ ਜਿਸ ਉਤੇ ਲੱਖਾਂ ਰੁੱਪਏ, ਜਿਹੜੇ ਕਿ ਉਹ ਨੇ ਬਹੁਤ ਸਾਰੇ ਲੋਕਾਂ ਤੋਂ ਕਰਜ਼ ਲਏ ਹੋਏ ਸਨ, ਦਾ ਹਿਸਾਬ ਲਿਖਿਆ ਹੋਇਆ ਸੀ ਅਤੇ ਉਸਦੇ ਹੇਠਾਂ ਲਿਖਿਆ ਹੋਇਆ ਸੀ, "ਕੌਣ ਮੇਰਾ ਕਰਜ਼ ਉਤਾਰੇਗਾ ?" ਜ਼ਾਰ ਨਿਕੋਲਸ ਨੇ ਕਲਮ ਕੱਢ ਕੇ ਉਥੇ ਆਪਣੇ ਹਸਤਾਖਰ ਕਰ ਦਿੱਤੇ ਅਤੇ ਲਿਖਿਆ "ਮੈਂ ਉਤਾਰਾਂਗਾ।" ਆਤਮਦਾਹ ਕਰਨ ਜਾ ਰਹੇ ਸੈਨਿਕ ਨੂੰ ਮੁਕਤੀ ਮਿਲੀ, ਇਹ ਇੱਕ ਸੱਚੀ ਘਟਨਾ ਹੈ । ਇਸੇ ਸਚਿਆਈ ਨੂੰ ਯਿਸੂ ਮਸੀਹ ਨੇ ਵਿਖਾਇਆ, ਸਾਡੇ ਪਾਪਾਂ ਦਾ ਮੁੱਲ ਪਰਮੇਸ਼ਵਰ ਦੇ ਨਿਆਂ ਅਨੁਸਾਰ, ਮੌਤ ਦੀ ਸਜ਼ਾ ਨਾਲ ਹੀ ਚੁਕਾਇਆ ਜਾ ਸਕਦਾ ਸੀ । ਇਸ ਲਈ ਉਹ ਪਾਪ ਤੋਂ ਮੁਕਤੀ ਲਈ ਆਪ ਹੀ ਬਲੀ ਬਣਦੇ ਹਨ ।

ਸਰੀਰਕ ਮੌਤ ਅਤੇ ਉਸ ਤੋਂ ਬਾਅਦ ਆਤਮਿਕ ਮੌਤ ਜਿਹੜੀ ਸਾਨੂੰ ਨਰਕ ਦੀ ਅੱਗ ਵਿੱਚ ਲੈ ਜਾਂਦੀ ਹੈ ਉਸ ਤੋਂ ਨਿਕਾਸੀ ਪ੍ਰਭੂ ਯਿਸੂ ਮਸੀਹ ਤੋਂ ਹੀ ਹਾਸਲ ਹੁੰਦੀ ਹੈ ।

ਅਖੀਰ ਪ੍ਰਭੂ ਯਿਸੂ ਨੇ ਕੀ ਕੀਤਾ ਹੈ ?

ਪ੍ਰਭੂ ਯਿਸੂ ਨੇ ਸਵਰਗ ਦੇ ਆਪਣੇ ਈਸ਼ਵਰੀ ਅਧਿਕਾਰ ਨੂੰ ਛੱਡਿਆ, ਆਪਣੇ ਤਾਜ ਨੂੰ ਵਖੱਰਾ ਕੀਤਾ । ਮਨੁੱਖੀ ਰੂਪ ਧਾਰਨ ਕੀਤਾ ਅਤੇ ਕੰਗਾਲ ਦੀ ਤਰ੍ਹਾਂ ਗ਼ਰੀਬ ਬਣ ਕੇ ਇਸ ਸੰਸਾਰ ਵਿੱਚ ਆਏ । (ਫਿਲਿੱਪੀਆਂ 2:5-10)

ਮਨੁੱਖ ਦੇ ਸੇਵਕ ਬਣੇ ਅਤੇ ਸਵਰਗੀ ਪਿਤਾ ਦੇ ਪ੍ਰੇਮ ਨੂੰ ਪ੍ਰਗਟ ਕੀਤਾ ਤੇ ਸਲੀਬ ਦੀ ਦਰਦਨਾਕ ਮੌਤ ਸਾਡੇ ਪਾਪਾਂ ਦੇ ਲਈ ਸਹਿ ਲਈ । ਪ੍ਰਭੂ, ਯਿਸੂ ਦੀ ਸਲੀਬ ਉਤੇ ਇਸ ਸੰਸਾਰ ਦਾ ਨਿਆਂ ਨਹੀਂ ਅਨਿਆਂ ਲਟਕਿਆ ਹੋਇਆ ਸੀ । ਮਨੁੱਖ ਦਾ ਕ੍ਰੋਧ, ਈਰਖਾ, ਲਾਲਚ ਅਤੇ ਘਮੰਡ ਲਟਕਿਆ ਸੀ । ਉਨਾਂ ਨੂੰ ਕਬਰ ਵਿੱਚ ਦਫਨਾਇਆ ਗਿਆ ਪਰ ਤੀਜੇ ਦਿਨ ਆਪਣੀ ਈਸ਼ਵਰੀ ਸਾਮਰਥ ਨੂੰ ਪ੍ਰਗਟ ਕਰਦੇ ਹਨ । ਉਹ ਜੀਅ ਉਠੇ, ਯਰੂਸ਼ਲੇਮ ਸ਼ਹਿਰ ਅਤੇ ਨੇੜੇ ਦੇ ਸੈਂਕੜੇ ਲੋਕਾਂ ਨੂੰ ਵਿਖਾਈ ਦਿੱਤੇ, ਅਤੇ ਸਵਰਗੀ ਰਾਜ ਦੇ ਭੇਤਾਂ ਨੂੰ ਲੋਕਾਂ ਤੇ ਪ੍ਰਗਟ ਕੀਤਾ । ਸੈਂਕੜੇ ਲੋਕਾਂ ਦੇ ਵੇਖਦੇ-ਵੇਖਦੇ ਉਹ ਸਵਰਗ ਤੇ ਚੁੱਕ ਲਏ ਗਏ । ਉਨਾਂ ਨੇ ਆਖਿਆ, "ਮੈਂ ਮੁੜ ਤੋਂ ਵਾਪਸ ਆਵਾਂਗਾ, ਅਤੇ ਫੇਰ ਸੰਸਾਰ ਦਾ ਨਿਆ ਹੋਵੇਗਾ ।"

ਇਹ ਗੱਲਾਂ ਕੋਈ ਕਥਾ ਕਹਾਣੀ ਨਹੀਂ ਹੈ ਪਰ ਇਤਿਹਾਸ ਵਿੱਚ ਵਾਪਰੀਆਂ ਸੱਚੀ ਘਟਨਾਵਾਂ ਹਨ । ਪਰਮੇਸ਼ਵਰ ਆਖਦਾ ਹੈ, ਮਨੁੱਖ ਦਾ ਇੱਕ ਵਾਰ ਜਨਮ ਲੈਣਾ ਅਤੇ ਉਸ ਤੋਂ ਬਾਅਦ ਨਿਆ ਹੋਣਾ ਲਾਜ਼ਮੀ ਹੈ ।

## ਹੁਣ ਸਵਾਲ ਕੀ ਹੈ ?

ਤੁਹਾਡੇ ਕੋਲ ਹਨੇਰਾ ਹੈ ਜਾਂ ਜੀਵਤ ਪਰਮੇਸ਼ਵਰ ਦਾ ਚਾਣਨ ? ਸਚਿਆਈ ਹੈ ਜਾਂ ਮਨੁੱਖ ਦਾ ਝੂਠ ? ਆਸ ਹੈ ਜਾਂ ਨਿਰੰਤਰ ਨਿਰਾਸ਼ਾ ? ਹਾਰ ਹੈ, ਜਾਂ ਪਰਮੇਸ਼ਵਰ ਦਾ ਜੀਵਨ ? ਪਾਪ ਤੋਂ ਛੁਟਕਾਰਾ ਜਾਂ ਦਿਖਾਵਟੀ ਧਰਮ ਕਰਮ ?

ਕੀ ਤੁਸੀਂ ਪ੍ਰਭੂ ਯਿਸੂ ਨੂੰ ਕਬੂਲ ਕਰਨਾ ਚਾਹੁੰਦੇ ਹੋ ? ਉਹ ਜੀਵਤ ਹੈ ਕੀ ਤੁਸੀਂ ਉਸ ਉਤੇ ਭਰੋਸਾ ਕਰਨਾ ਚਾਹੁੰਦੇ ਹੋ । ਪ੍ਰਭੂ ਯਿਸੂ ਸੱਚੀ ਸ਼ਾਂਤੀ ਦਿੰਦਾ ਹੈ । ਅਜਿਹੀ ਸ਼ਾਂਤੀ ਜੋ ਡਰ ਨੂੰ ਮਿੱਟਾ ਦਿੰਦੀ ਹੈ ਅਤੇ ਦੁੱਖ ਤੇ ਫਤਿਹ ਦਿੰਦੀ ਹੈ ।

ਪ੍ਰਭੂ ਯਿਸੂ ਦਾ ਨਾਮ ਲੈ ਕੇ ਵੇਖੋ, ਅੱਜ ਤੁਸੀਂ ਮੁਕਤੀ ਪਾ ਸਕਦੇ ਹੋ । ਚਾਹੇ ਤੁਸੀਂ ਕਿਸੇ ਵੀ ਧਰਮ ਜਾਤੀ, ਰੰਗ-ਰੂਪ ਦੇ ਕਿਉਂ ਨਾ ਹੋਵੋ, ਪ੍ਰਭੂ ਯਿਸੂ ਤੇ ਵਿਸ਼ਵਾਸ ਕਰੋ ਉਸ ਦਾ ਨਾਮ ਲਵੋ ਅਤੇ ਮੇਰੇ ਨਾਲ ਪੂਰੇ ਵਿਸ਼ਵਾਸ ਨਾਲ ਆਖੋ ।

## ਮੁਕਤੀ ਪ੍ਰਾਰਥਨਾ

ਹੇ ਪ੍ਰਭੂ ਯਿਸੂ, ਮੈਂ ਆਪਣੇ ਕੰਮਾਂ, ਵਿਚਾਰਾਂ ਅਤੇ ਉਦੇਸ਼ਾਂ ਤੋਂ ਪਾਪੀ ਹਾਂ, ਤੁਸੀਂ ਆਪ ਪਰਮੇਸ਼ਵਰ ਦੇ ਪੁੱਤਰ ਬਣ ਕੇ ਆਏ, ਤੁਸੀਂ ਮੇਰੇ ਪਾਪਾਂ ਦਾ ਮੁੱਲ ਚੁਕਾਉਣ ਦੇ ਲਈ ਆਪਣਾ ਪਵਿੱਤਰ ਖੂਨ ਬਹਾਇਆ ਅਤੇ ਮੌਤ ਸਹਿ ਲਈ ਅਤੇ ਅੱਜ ਤੁਸੀਂ ਜੀਵਤ ਹੋ । ਮੇਰੇ ਪਾਪਾਂ ਨੂੰ ਮੁਆਫ ਕਰੋ ਅਤੇ ਮੈਨੂੰ ਨਵਾਂ ਜੀਵਨ ਦਿਓ ।

ਆਪਣੀ ਪਵਿੱਤਰ ਆਤਮਾ ਦਾ ਦਾਨ ਦਿਓ ਤਾਂ ਕਿ ਮੈਂ ਆਪ ਦਾ ਜੀਵਨ ਪਾ ਸਕਾਂ, ਅਤੇ ਸਿਰਫ ਤੇਰੇ ਰਾਹ ਉਤੇ ਚੱਲ ਸਕਾਂ । ਅੱਜ ਤੋਂ ਮੈਂ ਆਪ ਨੂੰ ਆਪਣਾ ਗੁਰੂ ਬਣਾਉਂਦਾ ਹਾਂ । ਮੇਰਾ ਤੁਹਾਡੇ ਉਤੇ ਪੂਰਾ ਵਿਸ਼ਵਾਸ ਅਤੇ ਭਰੋਸਾ ਹੈ ।

*ਆਮੀਨ*

**SHISHYASHRAM**
305 D/A Sheeshmahal, Shalimar Bagh, New Delhi-110 088
*e-mail:jawabjawab@yahoo.com*